Roll No. .................. **72/B**

Total No. of Questions : 13] [Total No. of Printed Pages : 3

**X**

**2037**

**ਸਲਾਨਾ ਪਰੀਖਿਆ ਪ੍ਰਨਾਲੀ**

# PUNJABI

## Paper–B

**(Morning Session)**

Time allowed : Three hours Maximum marks : 50

**ਨੋਟ :** *(i)* *ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ* **72/B** *ਜ਼ਰੂਰ ਦਰਜ ਕਰੋ ਜੀ ।*

*(ii)* *ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii)* *ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv)* *ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।*

*(v)* ***ਸਾਰੇ ਪ੍ਰਸ਼ਨ ਜ਼ਰੂਰੀ ਹਨ ।***

*(vi)* *ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।*

*(vii)* *ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਆਧਾਰਿਤ ਹੋਣੇ ਚਾਹੀਦੇ ਹਨ ।*

**1.** **ਵਸਤੂਨਿਸ਼ਠ ਪ੍ਰਸ਼ਨ :**

(ੳ) ਵਿਆਕਰਨ ਦੇ ਕਿਸ ਭਾਗ ਅਧੀਨ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ ?

(ਅ) ਪੰਜਾਬੀ ਦੀ ਕਿਸੇ ਇੱਕ ਉਪਬੋਲੀ ਦਾ ਨਾਂ ਲਿਖੋ ।

(ੲ) ਪੰਜਾਬੀ ਦੀਆਂ ਉਹ ਕਿਹੜੀਆਂ ਧੁਨੀਆਂ ਹਨ ਜਿਨ੍ਹਾਂ ਨਾਲ਼ ਕੋਈ ਸ਼ਬਦ ਅਰੰਭ ਨਹੀਂ ਹੁੰਦਾ ?

(ਸ) ਪੁਰਾਤਨ ਵਰਨ-ਮਾਲ਼ਾ ਦੇ ਕਿੰਨੇ ਅੱਖਰ ਹਨ ?

(ਹ) 'ਦੁੱਖ' ਤੇ 'ਮਿਠਾਸ' ਕਿਸ ਕਿਸਮ ਦੇ ਨਾਂਵ ਹਨ ?

(ਕ) 'ਅਸੀਂ ਸਾਰੇ ਪਤੰਗ ਉਡਾ ਰਹੇ ਹਾਂ ।' ਇਸ ਵਾਕ ਦੀ ਕਿਰਿਆ ਸਧਾਰਨ ਹੈ ਜਾਂ ਪ੍ਰੇਰਨਾਰਥਕ ?

(ਖ) 'ਫਿੱਟੇ ਮੂੰਹ' ਤੇ 'ਬੇਸ਼ਰਮ' ਸ਼ਬਦ ਕਿਸ ਪ੍ਰਕਾਰ ਦੇ ਵਿਸਮਕ ਹਨ ?

(ਗ) 'ਸਕੂਲ ਦੀ ਘੰਟੀ ਵੱਜ ਚੁੱਕੀ ਹੈ ।' ਇਹ ਵਾਕ ਕਿਹੜੇ ਕਾਲ ਨਾਲ਼ ਸੰਬੰਧਿਤ ਹੈ ?

(ਘ) 'ਕਾਰੀਗਰ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ ।

(ਙ) 'ਆਦਰ' ਸ਼ਬਦ ਦਾ ਇੱਕ ਸਮਾਨਾਰਥਕ ਸ਼ਬਦ ਲਿਖੋ । 10×½=5

**2.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ :

(ੳ) ਗੁਰੂ ਅਰਜਨ ਦੇਵ ਜੀ (ਅ) ਸਾਡੇ ਤਿਉਹਾਰ

(ੲ) ਵਿਗਿਆਨ ਦੀਆਂ ਕਾਢਾਂ (ਸ) ਵਾਤਾਵਰਨ ਪ੍ਰਦੂਸ਼ਣ

(ਹ) ਬਿਜਲੀ ਦੀ ਬੱਚਤ । 8

**3.** ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖੋ ਜਿਸ ਵਿੱਚ ਮੈਰਿਜ-ਪੈਲਸਾਂ ਵਿੱਚ ਉੱਚੀ ਅਵਾਜ਼ ਵਿੱਚ ਡੀ.ਜੇ./ਸਾਊਂਡ-ਸਿਸਟਮ ਵਜਾਉਣ 'ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਹੋਵੇ ।

ਜਾਂ

ਤੁਹਾਨੂੰ ਕੋਈ ਰਿਸਾਲਾ ਚੰਗਾ ਲੱਗਾ ਹੈ । ਇਸ ਰਿਸਾਲੇ ਦੀਆਂ ਸਿਫ਼ਤਾਂ ਦੱਸਦਿਆਂ ਉਸ ਦੇ ਸੰਪਾਦਕ ਨੂੰ ਚਿੱਠੀ ਲਿਖੋ ਕਿ ਤੁਸੀਂ ਉਸ ਰਿਸਾਲੇ ਦਾ ਚੰਦਾ ਭੇਜ ਦਿੱਤਾ ਹੈ ਅਤੇ ਰਿਸਾਲਾ ਘਰ ਦੇ ਪਤੇ ਉੱਤੇ ਭੇਜਣਾ ਸ਼ੁਰੂ ਕਰ ਦਿੱਤਾ ਜਾਵੇ । 1+3+1=5

**4.** ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

ਪੰਜਾਬੀ ਸੱਭਿਆਚਾਰ ਕੇਵਲ ਗਿੱਧੇ-ਭੰਗੜੇ ਦਾ ਸਭਿਆਚਾਰ ਹੀ ਨਹੀਂ, ਜਿਸ ਤਰ੍ਹਾਂ ਕਿ ਕੁੱਝ ਲੋਕ ਕਹਿੰਦੇ ਹਨ । ਇਹ ਤਾਂ ਬਹੁਤ ਚੇਤਨ, ਉਸਾਰੀ ਤੇ ਕਰਨੀ-ਪ੍ਰਧਾਨ ਸੱਭਿਆਚਾਰ ਹੈ, ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ । ਅੱਜ ਦਾ ਪੰਜਾਬੀ ਅਜਿਹੇ ਚੇਤਨ ਸੱਭਿਆਚਾਰ ਤੋਂ ਖਿਸਕਿਆ ਹੋਇਆ ਹੈ । ਪੰਜ ਨਦੀਆਂ ਦਾ ਦੇਸ ਪੰਜਾਬ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ, ਜਿੰਨ੍ਹਾਂ ਨਾਲ਼ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ । ਪੰਜਾਬੀ ਸੱਭਿਆਚਾਰ 'ਚ ਭਾਈ ਘੱਨ੍ਹਈਆਂ ਦੁਸ਼ਮਣਾਂ ਨੂੰ ਪਾਣੀ ਪਿਆਉਂਦਾ ਹੈ, ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇਸ-ਭਗਤੀ ਦਾ ਜਜ਼ਬਾ ਪ੍ਰਗਟਾਉਂਦੇ ਹਨ । ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ ਜਾਪਦੇ ਹਨ । ਉਸ ਨੂੰ ਪੰਜਾਬ ਦੇ ਦਰਿਆ ਜਾਪੁ ਸਾਹਿਬ ਗਾਉਂਦੇ ਪ੍ਰਤੀਤ ਹੁੰਦੇ ਹਨ । ਕਿਸਾਨ ਖੇਤਾਂ ਵਿੱਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤਵਾਸੀਆਂ ਦਾ ਢਿੱਡ ਭਰਦਾ ਹੈ । ਕਈ ਲੋਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਦਾ ਹਾਲੇ ਧੁੰਦਲਾ ਪੱਖ ਹੀ ਉਸਾਰਦੇ ਹਨ । ਸੋ ਲੋੜ ਹੈ ਇਸ ਨੂੰ ਸਮਝਣ ਦੀ, ਇਸ ਪ੍ਰਤਿ ਚੇਤਨ ਹੋਣ ਦੀ ਤੇ ਇਸ ਨੂੰ ਅਪਣਾਉਣ ਦੀ । 4+1=5

**5.** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਹੱਥ ਦਾ ਪ੍ਰਯੋਗ ਇੰਨਾ ਜ਼ਿਆਦਾ ਹੈ ਕਿ ਮਨੁੱਖ ਦੀ ਭਾਸ਼ਾ ਵਿੱਚ ਜਿੰਨੇ ਮੁਹਾਵਰੇ ਹੱਥਾਂ ਨਾਲ਼ ਜੁੜੇ ਹੋਏ ਹਨ, ਉੱਨੇ ਸ਼ਰੀਰ ਦੇ ਹੋਰ ਕਿਸੇ ਅੰਗ ਨਾਲ਼ ਸੰਬੰਧਿਤ ਨਹੀਂ । ਹੱਥ ਉੱਤੇ ਹੱਥ ਧਰਨ ਜਾਂ ਹੱਥ ਮਲ਼ਦੇ ਰਹਿ ਜਾਣ ਵਰਗੇ ਨਕਾਰਾਤਮਕ ਮੁਹਾਵਰਿਆਂ ਤੋਂ ਲੈ ਕੇ ਧਨ ਦੌਲਤ ਨੂੰ ਹੱਥਾਂ ਦੀ ਮੈਲ, ਮਨੁੱਖ ਦੀ ਕਿਸਮਤ ਉਸ ਦੇ ਹੱਥ ਵਿੱਚ ਹੈ, ਹਜ਼ਾਰਾਂ ਹੀ ਮੁਹਾਵਰੇ ਹੱਥਾਂ ਬਾਰੇ ਬਣੇ ਹੋਏ ਹਨ । ਸਿਪਾਹੀ ਹੱਥ ਦੇ ਕੇ ਦਿਸ਼ਾ ਦੱਸਦਾ ਹੈ, ਸਾਧੂ ਸੰਤ ਸਿਰ ਉੱਤੇ ਹੱਥ ਫੇਰਦੇ ਹਨ । ਈਸ਼ਵਰ ਹੱਥ ਦੇ ਕੇ ਰੱਖਿਆ ਕਰਦਾ ਹੈ, ਅਧਿਆਪਕ ਹੱਥੀਂ ਕਰ ਕੇ ਹੀ ਸਮਝਾਉਂਦਾ ਹੈ, ਇਹ ਹੱਥ ਹੀ ਮਿੱਟੀ ਨੂੰ ਸੋਨਾ ਬਣਾਉਂਦੇ ਹਨ, ਇਹਨਾਂ ਹੱਥਾਂ ਨੇ ਹੀ ਧਰਤੀ ਨੂੰ ਸਵਰਗ ਬਣਾਇਆ ਹੈ । ਇਹ ਹੱਥ ਹੀ ਹਨ ਜੋ ਪਰਾਈ ਚੀਜ਼ ਤੋਂ ਪਰੇ ਰਹਿੰਦੇ ਹਨ । ਹੱਥ ਹੀ ਤਾੜੀ ਮਾਰਦੇ ਹਨ ਤੇ ਹੱਥ ਹੀ ਅੱਥਰੂ ਪੂੰਝਦੇ ਹਨ । ਇਹਨਾਂ ਹੱਥਾਂ ਰਾਹੀਂ ਮਨੁੱਖ ਆਪਣੀ ਗੱਲ ਨੂੰ ਸਮਝਾਉਂਦਾ ਹੈ ਤੇ ਆਪਣੀ ਭਾਸ਼ਾ ਨੂੰ ਹੱਥਾਂ ਦੇ ਸੰਕੇਤਾਂ ਰਾਹੀਂ ਜ਼ੋਰਦਾਰ ਬਣਾਉਂਦਾ ਹੈ । ਹੱਥਾਂ ਦੀ ਭਾਸ਼ਾ ਸੰਸਾਰ ਦੀ ਭਾਸ਼ਾ ਹੈ, ਜਿਸ ਨੂੰ ਹਰ ਕੋਈ ਮਨੁੱਖ ਬੋਲਦਾ ਹੈ ਤੇ ਸਮਝਦਾ ਹੈ । ਇਸੇ ਭਾਸ਼ਾ ਸਦਕਾ ਵਿਦੇਸ਼ਾਂ ਵਿੱਚ ਜਾ ਕੇ ਵੀ ਮਨੁੱਖ ਆਪਣਾ ਕੰਮ ਚਲਾ ਲੈਂਦਾ ਹੈ ।

**ਪ੍ਰਸ਼ਨ :**

(ੳ) ਹੱਥ ਦਾ ਬਹੁਤਾ ਪ੍ਰਯੋਗ ਮੁਹਾਵਰਿਆਂ ਨਾਲ਼ ਕੀ ਸੰਬੰਧ ਰੱਖਦਾ ਹੈ ?

(ਅ) ਵੱਖ-ਵੱਖ ਤਰ੍ਹਾਂ ਦੇ ਲੋਕ ਹੱਥ ਦਾ ਪ੍ਰਯੋਗ ਕਿਵੇਂ ਕਰਦੇ ਹਨ ?

(ੲ) 'ਇਹ ਹੱਥ ਹੀ ਮਿੱਟੀ ਨੂੰ ਸੋਨਾ ਬਣਾਉਂਦੇ ਹਨ', ਤੋਂ ਕੀ ਭਾਵ ਹੈ ?

(ਸ) ਹੱਥਾਂ ਦੀ ਭਾਸ਼ਾ ਸੰਸਾਰ ਦੀ ਭਾਸ਼ਾ ਕਿਵੇਂ ਹੈ ? 1+1+1+1=4

6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ :

ਉੱਨ ਲਾਹੁਣੀ, ਅੱਖਾਂ ਵਿੱਚ ਘੱਟਾ ਪਾਉਣਾ, ਸੋਹਲੇ ਸੁਣਾਉਣਾ, ਕੱਛਾਂ ਮਾਰਨੀਆਂ, ਤੀਰ ਕਮਾਨੋਂ ਨਿਕਲ਼ਨਾ, ਧੌਲਿਆਂ ਦੀ ਲਾਜ ਰੱਖਣਾ, ਪੈਰ ਧੋ-ਧੋ ਪੀਣਾ, ਲੱਕ ਸਿੱਧਾ ਕਰਨਾ, ਵਾਸਤੇ ਪਾਉਣਾ, ਘਿਓ-ਖਿਚੜੀ ਹੋਣਾ । 5

7. ਵਿਸਰਾਮ ਚਿੰਨ੍ਹ ਲਾ ਕੇ ਦੁਬਾਰਾ ਲਿਖੋ :

ਮੁੱਖ ਅਧਿਆਪਕ ਜੀ ਨੇ ਕਿਹਾ ਮੈਂ ਹਮੇਸ਼ਾ ਮਿਹਨਤੀ ਅਤੇ ਲਗਨ ਵਾਲ਼ੇ ਵਿਦਿਆਰਥੀਆਂ ਦੀ ਕਦਰ ਕਰਦਾ ਹਾਂ 2

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(ੳ) ਪੰਜਾਬੀ ਵਿਆਕਰਨ ਕਿਸ ਨੂੰ ਆਖਦੇ ਹਨ ?

(ਅ) ਸਾਹਿਤਿਕ ਭਾਸ਼ਾ ਕਿਸ ਨੂੰ ਕਹਿੰਦੇ ਹਨ ? ਪੰਜਾਬੀ ਦੀ ਟਕਸਾਲੀ ਬੋਲੀ ਦਾ ਆਧਾਰ ਕਿਹੜੀ ਉਪਭਾਸ਼ਾ ਨੂੰ ਮੰਨਿਆ ਜਾਂਦਾ ਹੈ ?

(ੲ) ਧੁਨੀ ਕਿਸ ਨੂੰ ਆਖਦੇ ਹਨ ? 3

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਲਿਪੀ ਤੇ ਵਰਨ-ਮਾਲ਼ਾ ਵਿੱਚ ਕੀ ਅੰਤਰ ਹੈ ?

(ਅ) ਲਗਾਖਰ ਕੀ ਹੁੰਦੇ ਹਨ ? ਪੰਜਾਬੀ ਵਿੱਚ ਕਿੰਨੇ ਲਗਾਖਰ ਹਨ ? 2

10. (ੳ) ਪੜਨਾਂਵ ਜਾਂ ਯੋਜਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ ।

(ਅ) ਵਿਸ਼ੇਸ਼ਣ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ । 2+2=4

11. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :

ਭੰਗੜੇ ਵਿੱਚ ਨੱਚਦੇ ਗੱਭਰੂ ਨੂੰ ਵੇਖ ਕੇ ਬੁੱਢੇ ਤੇ ਮੁੰਡੇ ਵੀ ਨੱਚਣ ਲੱਗ ਪਏ । 2

12. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿੱਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :

ਮੁੱਖ ਅਧਿਆਪਕ ਜੀ ਭਾਸ਼ਣ ਦਿੰਦੇ ਹਨ । 2

13. (ੳ) 'ਡੰਗ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ ।

(ਅ) 'ਤਾਕਤ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ ।

(ੲ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :

ਜਿਹੜਾ ਹਰ ਵੇਲ਼ੇ ਚੜ੍ਹਦੀ ਕਲਾ ਵਿੱਚ ਰਹੇ । 1+1+1=3